ਭਗਤ ਨਾਮਦੇਵ - ਸਬਦ ੫

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥

ਰਾਗੁ ਆਸਾ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੪੮੫

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥
ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥
ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥
ਸਿੰਘਚ ਭੋਜਨੁ ਜੋ ਨਰੁ ਜਾਨੈ ॥
ਐਸੇ ਹੀ ਠਗਦੇਉ ਬਖਾਨੈ ॥੨॥
ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥
ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥

ਸਾਰ: ਜੇਕਰ ਮਨ ਮਾਰੂ ਸੋਚ ਨਾਲ ਭਰਿਆ ਹੋਇਆ ਹੈ ਤਾਂ ਧਿਆਨ ਜਾਂ ਜਾਪ ਦਾ ਕੀ ਮੁੱਲ ਰਹਿ ਜਾਂਦਾ ਹੈ? ਜਦੋਂ ਰੂਹਾਨੀ ਅਭਿਆਸ ਸਿਰਫ਼ ਦਿਖਾਵਾ ਬਣ ਜਾਂਦਾ ਹੈ, ਤਾਂ ਇਹ ਹਉਮੈ ਨੂੰ ਖਤਮ ਕਰਨ ਦੀ ਬਜਾਏ ਇਸ ਨੂੰ ਹੋਰ ਤਕੜਾ ਕਰ ਦਿੰਦਾ ਹੈ। ਉੱਤਮਤਾ ਦੀ ਝੂਠੀ ਭਾਵਨਾ ਪੈਦਾ ਕਰਨੀ, ਸਾਨੂੰ ਪ੍ਰਮਾਣਿਕਤਾ ਤੋਂ ਦੂਰ ਕਰਦੀ ਹੈ। ਇਸੇ ਤਰ੍ਹਾਂ, ਪ੍ਰਸ਼ੰਸਾ ਜਾਂ ਮਾਨਤਾ ਲਈ ਕੀਤੇ ਚੰਗੇ ਕਰਮ, ਸਾਡੀ ਇਮਾਨਦਾਰੀ ਨੂੰ ਨਿਰਬਲ ਕਰਦੇ ਹੋਏ ਸੱਚੇ ਵਿਗਾਸ ਨੂੰ ਰੋਕਦੇ ਹਨ। ਸੱਚੀ ਰੂਹਾਨੀਅਤ ਆਪਣੀਆਂ ਕਮੀਆਂ ਅਤੇ ਇਰਾਦਿਆਂ ਨੂੰ ਇਮਾਨਦਾਰੀ ਨਾਲ ਸਵੀਕਾਰ ਕਰਨ ਨਾਲ ਸ਼ੁਰੂ ਹੁੰਦੀ ਹੈ। ਇਸ ਸਵੈ-ਜਾਗਰੂਕਤਾ ਰਾਹੀਂ ਸਾਡੇ ਕਰਮਾਂ ਅਤੇ ਸਬੰਧਾਂ ਵਿਚ ਇਮਾਨਦਾਰੀ ਵਹਿ ਤੁਰਦੀ ਹੈ ਜੋ ਭਲਾਈ ਨੂੰ ਪਾਲਦੀ ਹੈ।

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥

ਸੱਪ ਆਪਣੀ ਕੁੰਜ ਨੂੰ ਤਾਂ ਲਾ ਲੈਂਦਾ ਹੈ ਪਰ ਆਪਣਾ ਜ਼ਹਿਰ ਨਹੀਂ ਛੱਡਦਾ; ਇਹ ਭਾਵ ਧੋਖੇਬਾਜ਼, ਬਦਲਾਖੋਰ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥

ਬਗਲਾ ਸਥਿਰ ਖੜ੍ਹਾ ਇੰਝ ਜਾਪਦਾ ਹੈ ਜਿਵੇਂ ਧਿਆਨ ਵਿਚ ਮਗਨ ਹੋਵੇ। ਪਰ ਅੰਦਰੋਂ ਪੂਰੀ ਤਰ੍ਹਾਂ ਸ਼ਿਕਾਰ 'ਤੇ ਕੇਂਦ੍ਰਿਤ ਹੁੰਦਾ ਹੈ; ਇਹ ਭਾਵ ਦਿਖਾਵੇ ਅਤੇ ਧੋਖੇ ਵਿਚ ਡੁੱਬੀ ਮਾਨਸਿਕਤਾ ਨੂੰ ਦਰਸਾਉਂਦਾ ਹੈ। (੧)

ਕਾਹੇ ਕਉ ਕੀਜੈ ਧਿਆਨੁ ਜਪੰਨਾ ॥

ਤੁਸੀਂ ਧਿਆਨ ਅਤੇ ਜਾਪ ਕਿਉਂ ਕਰਦੇ ਹੋ? ਜੇਕਰ ਵਿਚਾਰ ਨਕਾਰਾਤਮਕ ਹਨ ਤਾਂ ਇਹ ਭਾਵ ਬਾਹਰੀ ਅਭਿਆਸਾਂ ਦੀ ਸਾਰਥਕਤਾ 'ਤੇ ਸਵਾਲ ਉਠਾਉਂਦਾ ਹੈ।

ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥

ਜਦੋਂ ਤੁਹਾਡਾ ਮਨ ਨਿਰਮਲ ਨਹੀਂ ਹੁੰਦਾ? ਇਹ ਸਲਾਹ ਸਾਡੇ ਇਰਾਦਿਆਂ ਨੂੰ ਦਰਸਾਉਂਦੀ ਹੈ। (੧)(ਠਹਿਰਾਉ)

ਸਿੰਘਚ ਭੋਜਨੁ ਜੋ ਨਰੁ ਜਾਨੈ ॥

ਇਕ ਵਿਅਕਤੀ ਜੋ ਆਪਣੀ ਕਮਾਈ ਨਾਲ ਉਸ ਤਰ੍ਹਾਂ ਭੋਜਨ ਖਾਂਦਾ ਹੈ ਜਿਵੇਂ ਇਕ ਸ਼ੇਰ ਆਪਣੇ ਸ਼ਿਕਾਰ ਦਾ ਬੇਰਹਿਮੀ ਨਾਲ ਸ਼ਿਕਾਰ ਕਰਦਾ ਹੈ; ਇਹ ਭਾਵ ਬੇਇਨਸਾਫ਼ੀ ਨਾਲ ਪ੍ਰਾਪਤ ਕੀਤੀ ਕਮਾਈ ਅਤੇ ਲਾਲਚ ਦਾ ਪ੍ਰਤੀਕ ਹੈ।

ਐਸੇ ਹੀ ਠਗਦੇਉ ਬਖਾਨੈ ॥੨॥

ਅਜਿਹਾ ਵਿਅਕਤੀ ਨੂੰ ਇਕ ਨਿਪੁੰਨ ਚੋਰ ਕਿਹਾ ਜਾ ਸਕਦਾ ਹੈ; ਇਹ ਗੁਣ ਉਨ੍ਹਾਂ ਲੋਕਾਂ ਨੂੰ ਦਰਸਾਉਂਦਾ ਹੈ ਜੋ ਚਲਾਕੀ ਨਾਲ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ ਜੋ ਸ਼ਿਕਾਰੀ ਗੁਣਾਂ ਦੀ ਪ੍ਰਵਿਰਤੀ ਨੂੰ ਦਰਸਾਉਂਦੇ ਹਨ। (੨)

ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥

ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਦੀ ਮਾਲਕ ਉਹ ਸਰਵ ਵਿਆਪਕ ਚੇਤਨਾ ਹੈ ਜਿਸਨੇ ਉਨ੍ਹਾਂ ਦੇ ਅੰਤਰੀਵੀ ਝਗੜਿਆਂ ਨੂੰ ਸੰਬੋਧਿਤ ਹੋ ਸੁਲਝਾਇਆ ਹੈ।

ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥

ਬੇਈਮਾਨ ਨੂੰ ਸਰਵ ਵਿਆਪਕ ਚੇਤਨਾ ਦੇ ਅੰਮ੍ਰਿਤ ਦਾ ਆਨੰਦ ਮਾਣਨਾ ਚਾਹੀਦਾ ਹੈ; ਇਹ ਭਾਵ ਉਨ੍ਹਾਂ ਗੁਣਾਂ ਦੀ ਕਦਰ ਨੂੰ ਉਤਸ਼ਾਹਿਤ ਕਰਦਾ ਹੈ, ਜੋ ਰੂਹਾਨੀਅਤ ਵਿਗਾਸ ਵੱਲ ਲੈ ਜਾਂਦੇ ਹਨ। (੩)(੪)

ਤੱਤ: ਭਗਤ ਨਾਮਦੇਵ ਨਕਾਰਾਤਮਕ ਇਰਾਦਿਆਂ ਦਾ ਸਾਹਮਣਾ ਕਰਨ ਅਤੇ ਅੰਤਰੀਵੀ ਟਕਰਾਵਾਂ ਨੂੰ ਸੁਲਝਾਉਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹਨ। ਉਹ ਸਾਨੂੰ ਅਜਿਹੇ ਗੁਣ ਪੈਦਾ ਕਰਨ ਲਈ ਉਤਸ਼ਾਹਿਤ ਕਰਦੇ ਹਨ ਜੋ ਸਾਡੇ ਰੂਹਾਨੀ ਵਿਗਾਸ ਅਤੇ ਸਮੁੱਚੀ ਭਲਾਈ ਵਿਚ ਵਾਧਾ ਕਰਦੇ ਹੋਏ ਵਧੇਰੇ ਉਸਾਰੂ ਜੀਵਨ ਸਿਰਜਦੇ ਹਨ। ਇਰਾਦਿਆਂ ਵਿਚ ਨਿਰਮਲਤਾ ਲਿਆਉਣ ਵਾਲੇ, ਤੱਤਸਾਰ ਦਾ ਅਹਿਸਾਸ ਕਰਵਾਉਣ ਵਾਲੇ, ਪੀੜਾ ਨੂੰ ਹਰਨ ਅਤੇ ਰੁਪਾਂਤ੍ਰਣ ਦੇ ਅੰਮ੍ਰਿਤ ਰੂਪੀ ਗੁਣਾਂ ਨੂੰ ਕਲਾਵੇ ਵਿਚ ਲੈ, ਅਸੀਂ ਆਪਣੇ ਆਪ ਅਤੇ ਦੂਜਿਆਂ ਨਾਲ ਗੂੜ੍ਹ ਪ੍ਰਮਾਣਿਕ ਸੰਬੰਧ ਸਿਰਜ ਸਕਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**